# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 pm**

**ਮਿਤੀ: 28 -05-2025**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕੱਲ੍ਹ ਚਾਰ ਸੂਬਿਆਂ ਦੇ ਆਪਣੇ ਦੌਰੇ ਦੌਰਾਨ, 70 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਕਈ ਪ੍ਰੋਜੈਕਟਾਂ ਦੀ ਸ਼ੁਰੂਆਤ ਕਰਨਗੇ।
- ਚੋਣ ਕਮਿਸ਼ਨ ਨੇ ਕਿਹਾ -ਕੋਵਿਡ-19 ਦੇ ਸ਼ੱਕੀ ਜਾਂ ਪ੍ਰਭਾਵਿਤ ਵਿਅਕਤੀ, ਪੰਜਾਬ, ਗੁਜਰਾਤ, ਕੇਰਲ ਅਤੇ ਪੱਛਮੀ ਬੰਗਾਲ ਦੇ ਵਿਧਾਨ ਸਭਾ ਹਲਕੇ 'ਚ ਆਉਣ ਵਾਲੀਆਂ ਜ਼ਿਮਨੀ ਚੋਣਾਂ ਵਿੱਚ ਡਾਕ ਰਾਹੀਂ ਆਪਣੀ ਵੋਟ ਪਾ ਸਕਦੇ ਨੇ।
- ਉੱਤਰ ਪ੍ਰਦੇਸ਼ ਦੇ ਇੱਕ ਵਿਅਕਤੀ ਦੀ, ਅੱਜ ਚੰਡੀਗੜ੍ਹ ਦੇ ਸਰਕਾਰੀ ਹਸਪਤਾਲ ਵਿੱਚ ਕੋਵਿਡ ਕਾਰਨ ਮੌਤ ਹੋ ਗਈ।
- ਪੰਜਾਬ ਵਿਚ 3 ਜੂਨ ਨੂੰ ਕੀਤਾ ਜਾਵੇਗਾ ਸਿਵਲ ਡਿਫੈਂਸ ਅਭਿਆਸ।
- IPL ਕ੍ਰਿਕੇਟ ਵਿੱਚ ਪੰਜਾਬ ਕਿੰਗਜ਼ ਅਤੇ ਰਾਇਲ ਚੈਲੇਂਜਰਜ਼ ਬੈਂਗਲੁਰੂ ਭਲਕੇ ਪਹਿਲੇ ਕੁਆਲੀਫਾਇਰ ਵਿੱਚ ਆਹਮੋ-ਸਾਹਮਣੇ ਹੋਣਗੇ ।

-
---------------------------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕੱਲ੍ਹ ਸਿੱਕਮ, ਪੱਛਮੀ ਬੰਗਾਲ, ਬਿਹਾਰ ਅਤੇ ਉੱਤਰ ਪ੍ਰਦੇਸ਼ ਦੇ ਦੌਰੇ 'ਤੇ ਹੋਣਗੇ। ਦੋ ਦਿਨਾਂ ਦੌਰੇ ਦੌਰਾਨ, ਉਹ ਕਈ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਣਗੇ। ਜਿਨ੍ਹਾਂ ਦੀ ਕੁੱਲ ਲਾਗਤ 70 ਹਜ਼ਾਰ ਕਰੋੜ ਰੁਪਏ ਤੋਂ ਵੱਧ ਏ। ਸਿੱਕਮ ਦੇ ਆਪਣੇ ਦੌਰਾਨ, ਪ੍ਰਧਾਨ ਮੰਤਰੀ "ਸਿੱਕਮ@50: ਜਿੱਥੇ ਤਰੱਕੀ ਉਦੇਸ਼ ਨਾਲ ਮਿਲਦੀ ਏ ਅਤੇ ਕੁਦਰਤ ਵਿਕਾਸ ਨੂੰ ਪੋਸ਼ਣ ਦਿੰਦੀ ਏ" ਪ੍ਰੋਗਰਾਮ ਵਿੱਚ ਹਿੱਸਾ ਲੈਣਗੇ। ਉਹ ਸੂਬੇ ਵਿੱਚ ਕਈ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਅਤੇ ਉਦਘਾਟਨ ਕਰਨਗੇ। ਸ਼੍ਰੀ ਮੋਦੀ ਇਸ ਮੌਕੇ ਮੌਜੂਦ ਲੋਕਾਂ ਨੂੰ ਸੰਬੋਧਨ ਵੀ ਕਰਨਗੇ।ਆਪਣੇ ਬਿਹਾਰ ਦੌਰੇ ਦੌਰਾਨ, ਪ੍ਰਧਾਨ ਮੰਤਰੀ ਪਟਨਾ ਹਵਾਈ ਅੱਡੇ ਦੀ ਨਵੀਂ ਟਰਮੀਨਲ ਇਮਾਰਤ ਦਾ ਉਦਘਾਟਨ ਕਰਨਗੇ। ਅਗਲੇ ਦਿਨ, ਸ਼੍ਰੀ ਮੋਦੀ ਬਿਹਾਰ ਦੇ ਕਾਰਾਕਟ ਵਿੱਚ, 48 ਹਜ਼ਾਰ 520 ਕਰੋੜ ਰੁਪਏ ਤੋਂ ਵੱਧ ਦੇ ਕਈ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਣਗੇ। ਪ੍ਰਧਾਨ ਮੰਤਰੀ ਉੱਤਰ ਪ੍ਰਦੇਸ਼ ਦੇ ਕਾਨਪੁਰ ਵਿੱਚ, ਲਗਭਗ 20 ਹਜ਼ਾਰ 900 ਕਰੋੜ ਰੁਪਏ ਦੇ ਕਈ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਣਗੇ ਅਤੇ ਉਦਘਾਟਨ ਕਰਨਗੇ।

ਸ਼੍ਰੀ ਮੋਦੀ ਦਾ ਉੱਥੇ ਇੱਕ ਜਨ ਸਭਾ ਨੂੰ ਸੰਬੋਧਨ ਕਰਨ ਦਾ ਵੀ ਪ੍ਰੋਗਰਾਮ ਏ।

---------------------------------------------------------------------------------

ਚੋਣ ਕਮਿਸ਼ਨ ਨੇ ਕਿਹਾ ਏ ਕਿ, ਕੋਵਿਡ-19 ਦੇ ਸ਼ੱਕੀ ਜਾਂ ਪ੍ਰਭਾਵਿਤ ਵਿਅਕਤੀ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਵਿੱਚ ਆਉਣ ਵਾਲੀਆਂ ਉਪ ਚੋਣਾਂ ਵਿੱਚ ਡਾਕ ਰਾਹੀਂ ਆਪਣੀ ਵੋਟ ਪਾ ਸਕਦੇ ਨੇ ।ਹਾਲਾਂਕਿ, ਉਹਨਾਂ ਨੂੰ ਸਬੰਧਤ ਅਥਾਰਟੀ ਤੋਂ ਇਸਨੂੰ ਪ੍ਰਮਾਣਿਤ ਕਰਵਾਉਣਾ ਹੋਵੇਗਾ ਅਤੇ ਉਹਨਾਂ ਦੀ ਬੇਨਤੀ ਦੀ ਤਸਦੀਕ, ਸਬੰਧਤ ਚੋਣ ਅਧਿਕਾਰੀ ਵੱਲੋਂ ਕੀਤੀ ਜਾਵੇਗੀ। ਇਨ੍ਹਾਂ ਚਾਰਾਂ ਹਲਕਿਆਂ ਵਿੱਚ ਵੋਟਾਂ 19 ਜੂਨ ਨੂੰ ਪੈਣਗੀਆਂ।

---------------------------------------------------------------------------------

ਫਿਰੋਜ਼ਾਬਾਦ, ਉੱਤਰ ਪ੍ਰਦੇਸ਼ ਦੇ ਵਸਨੀਕ ਇੱਕ ਵਿਅਕਤੀ ਦੀ, ਅੱਜ ਚੰਡੀਗੜ੍ਹ ਸਥਿਤ ਸੈਕਟਰ-32 ਦੇ ਸਰਕਾਰੀ ਹਸਪਤਾਲ ਵਿੱਚ ਕੋਵਿਡ ਕਾਰਨ ਮੌਤ ਹੋ ਗਈ। ਉਸਨੂੰ ਕੱਲ੍ਹ ਸ਼ਾਮ ਲੁਧਿਆਣਾ ਤੋਂ ਰੈਫਰ ਕੀਤਾ ਗਿਆ ਸੀ। ਮੈਡੀਕਲ ਸੁਪਰਡੈਂਟ, ਡਾ. ਜੀ.ਪੀ ਥਾਮੀ ਨੇ ਕਿਹਾ ਏ, ਕਿ ਇਹ ਵਿਅਕਤੀ ਕੋਵਿਡ ਸੰਕ੍ਰਮਿਤ ਸੀ ਅਤੇ ਅੱਜ ਸਵੇਰੇ ਉਸਦੀ ਮੌਤ ਹੋ ਗਈ ।ਇਸ ਦੌਰਾਨ, ਪੰਜਾਬ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੇ ਸੂਤਰਾਂ ਅਨੁਸਾਰ, ਹੁਣ ਤੱਕ ਪੰਜਾਬ ਵਿੱਚ ਕੋਈ ਵੀ ਸਰਗਰਮ ਕੋਵਿਡ

ਦਾ ਮਾਮਲਾ ਨਹੀਂ ਏ। ਸਥਿਤੀ ਚਿੰਤਾਜਨਕ ਨਹੀਂ ਏ ਅਤੇ ਘਬਰਾਉਣ ਦਾ ਕੋਈ ਕਾਰਨ ਨਹੀਂ ਏ। ਪੰਜਾਬ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਏ। ਵਿਭਾਗ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਏ ਅਤੇ ਕਿਸੇ ਵੀ ਹੋਰ ਅਪਡੇਟ, ਦਿਸ਼ਾ-ਨਿਰਦੇਸ਼ਾਂ ਲਈ ਨਿਯਮਿਤ ਤੌਰ 'ਤੇ ਭਾਰਤ ਸਰਕਾਰ ਦੇ ਸੰਪਰਕ ਵਿੱਚ ਏ। ਸਿਹਤ ਵਿਭਾਗ ਨੇ ਲੋਕਾਂ ਅਤੇ ਮੀਡੀਆ ਨੂੰ ਜ਼ਿੰਮੇਵਾਰੀ ਨਾਲ ਜਾਣਕਾਰੀ ਸਾਂਝੀ ਕਰਨ ਅਤੇ ਕਿਸੇ ਵੀ ਘਬਰਾਹਟ ਵਰਗੀ ਸਥਿਤੀ ਤੋਂ ਬਚਣ ਦੀ ਅਪੀਲ ਵੀ ਕੀਤੀ ਏ। DESK

-----------------------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਵੀਰ ਸਾਵਰਕਰ ਨੂੰ ਉਨ੍ਹਾਂ ਦੀ ਜਨਮ ਵਰ੍ਹੇਗੰਢ 'ਤੇ ਸ਼ਰਧਾਂਜਲੀ ਭੇਟ ਕੀਤੀ। ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਸਾਂਝਾ ਕਰਦੇ ਹੋਏ, ਸ਼੍ਰੀ ਮੋਦੀ ਨੇ ਕਿਹਾ ਕਿ ਵਿਦੇਸ਼ੀ ਹਕੂਮਤ ਦੇ ਸਖ਼ਤ ਤਸੀਹੇ ਵੀ, ਭਾਰਤ ਮਾਤਾ ਦੇ ਸੱਚੇ ਪੁੱਤਰ ਵੀਰ ਸਾਵਰਕਰ ਦੇ ਮਾਤ ਭੂਮੀ ਪ੍ਰਤੀ ਸਮਰਪਣ ਨੂੰ ਹਿਲਾ ਨਹੀਂ ਸਕੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਰਾਸ਼ਟਰ, ਆਜ਼ਾਦੀ ਅੰਦੋਲਨ ਵਿੱਚ ਵੀਰ ਸਾਵਰਕਰ ਦੀ ਬੇਮਿਸਾਲ ਹਿੰਮਤ ਅਤੇ ਸੰਘਰਸ਼ ਦੀ ਗਾਥਾ ਨੂੰ ਕਦੇ ਨਹੀਂ ਭੁੱਲ ਸਕਦਾ। **BYTE:**

-----------------------------------------------------------------------------

ਕੇਂਦਰੀ ਰੇਲ ਮੰਤਰਾਲੇ ਵਲੋਂ, ਗੁਰਦਾਸਪੁਰ - ਮੁਕੇਰੀਆਂ ਵਿਚਕਾਰ 30 ਕਿਲੋਮੀਟਰ ਦੀ ਨਵੀਂ ਰੇਲ ਲਾਈਨ ਪਾਉਣ ਲਈ ਥਾਂ ਦੇ ਆਖਰੀ ਸਰਵੇਖਣ – FINAL LOCATION SURVEY, ਨੂੰ ਮੰਜ਼ੂਰੀ ਦੇ ਦਿੱਤੀ ਗਈ ਏ। ਕੇਂਦਰੀ ਰੇਲ ਰਾਜ ਮੰਤਰੀ, ਰਵਨੀਤ ਸਿੰਘ ਬਿੱਟੂ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪ੍ਰੋਜੈਕਟ ਨਾਲ ਇਸ ਇਲਾਕੇ ਦੇ ਆਰਥਿਕ ਵਾਧੇ ਸਮੇਤ ਆਸਾਨ ਰੇਲ ਆਵਾਜਾਈ ਅਤੇ ਸਮੁਚੇ ਬੁਨਿਆਦੀ ਢਾਂਚਾ ਵਿਕਾਸ ਨੂੰ ਹੁਲਾਰਾ ਮਿਲੇਗਾ. ਇਸ ਸਰਵੇਖਣ ‘ਤੇ 75 ਲਖ ਰੁਪਏ ਖਰਚ ਆਏਗਾ।

-----------------------------------------------------------------------------

ਕੱਲ੍ਹ ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਸੂਬਿਆਂ ਵਿੱਚ ਸਿਵਲ ਡਿਫੈਂਸ ਅਭਿਆਸ ਕੀਤਾ ਜਾਵੇਗਾ। ਇਹ ਅਭਿਆਸ ਪੰਜਾਬ ,ਰਾਜਸਥਾਨ ਗੁਜਰਾਤ, ਅਤੇ ਜੰਮੂ-ਕਸ਼ਮੀਰ ਦੇ ਸਰਹੱਦੀ ਜ਼ਿਲਿਆਂ ਵਿੱਚ ਸਵੇਰੇ ਹੋਵੇਗਾ। ਇਹ ਅਭਿਆਸ ਪੰਜਾਬ ਵਿਚ 3 ਜੂਨ ਨੂੰ ਕਰਵਾਇਆ ਜਾਵੇਗਾ। ਇਸ ਦੌਰਾਨ, ਐਮਰਜੈਂਸੀ ਸਥਿਤੀਆਂ ਨਾਲ ਨਜਿੱਠਣ ਲਈ ਲੋੜੀਂਦੇ ਹੁਨਰਾਂ ਨਾਲ ਅਫਸਰ ਭਾਗੀਦਾਰਾਂ ਨੂੰ ਲੈਸ ਕਰਨ ਲਈ ਪ੍ਰਦਰਸ਼ਨ ਅਤੇ ਸਿਖਲਾਈ ਸੈਸ਼ਨ ਹੋਣਗੇ। ਇਸ ਅਭਿਆਸ ਵਿੱਚ ਵੱਖ-ਵੱਖ ਧਾਰਮਿਕ

ਸੰਗਠਨ, ਸਰਕਾਰੀ ਵਿਭਾਗ, NCC ਕੈਡੇਟ ਅਤੇ NSS ਵਲੰਟੀਅਰ ਹਿੱਸਾ ਲੈਣਗੇ।

---

ਪੰਜਾਬ ਸਰਕਾਰ ਵੱਲੋਂ ਮੈਰਿਟ ਵਿਚ ਆਉਣ ਵਾਲੇ ਵਿਦਿਆਰਥੀਆਂ ਲਈ ਸ਼ੁਰੂ ਕੀਤੇ ਪ੍ਰੋਗਰਾਮ 'ਇਕ ਦਿਨ ਐਸ.ਐਸ.ਪੀ. ਸੰਗ' ਪ੍ਰੋਗਰਾਮ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੱਜ ਬਠਿੰਡਾ ਵਿਖੇ ਪੁਹੰਚੇ। ਇਸ ਦੌਰਾਨ ਮੁੱਖ ਮੰਤਰੀ ਨੇ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਜੀਵਨ ਲਈ ਸ਼ੁੱਭ ਕਾਮਨਾਵਾਂ ਦਿੰਦਿਆਂ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਵੀ ਕੀਤਾ। ਇਸ ਤੋਂ ਪਹਿਲਾਂ ਹੋਣਹਾਰ ਵਿਦਿਆਰਥੀਆਂ ਨੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਤੇ ਐਸ.ਐਸ.ਪੀ. ਅਮਨੀਤ ਕੌਂਡਲ ਨਾਲ ਸਮਾਂ ਬਤੀਤ ਕੀਤਾ।ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਨੇ ਵਿਦਿਆਰਥੀਆਂ ਦੇ ਸਵਾਲਾਂ ਦੇ ਤਸੱਲੀਬਖਸ ਜਵਾਬ ਦਿਤੇ।

---

ਮਾਲੇਰਕੋਟਲਾ ਜ਼ਿਲ੍ਹੇ ਦੀਆਂ ਤਿੰਨ ਵਿਦਿਆਰਥਣਾਂ ਨੇ 'ਇਕ ਦਿਨ ਐਸ.ਐਸ.ਪੀ. ਸੰਗ' ਪ੍ਰੋਗਰਾਮ ਤਹਿਤ ਹਾਕੀ ਓਲੰਪੀਅਨ , ਜ਼ਿਲ੍ਹਾ ਪੁਲਿਸ ਮੁਖੀ ਗਗਨ ਅਜੀਤ ਸਿੰਘ ਨਾਲ ਮੁਲਾਕਾਤ ਕਰਕੇ ਦੇ ਸਫ਼ਰ ਦੇ

ਤਜਰਬੇ ਸਾਂਝੇ ਕੀਤੇ। ਐਸ.ਐਸ.ਪੀ ਨੇ ਵਿਦਿਆਰਥਣਾ ਨਾਲ ਪੁਲਿਸ ਸੇਵਾ ਦੀ ਕਾਰਜਸ਼ੈਲੀ, ਅਨੁਸ਼ਾਸਨ ਅਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਤੋਂ ਜਾਣੂ ਕਰਵਾਉਣ ਦੇ ਉਦੇਸ਼ ਨਾਲ, ਇਨ੍ਹਾਂ ਵਿਦਿਆਰਥਣਾਂ ਨਾਲ ਦਿਨ ਬਿਤਾਇਆ ਤਾਂ ਜੋ ਇਨ੍ਹਾਂ ਲਾਇਕ ਬੱਚਿਆਂ ਨੂੰ ਉਨ੍ਹਾਂ ਦੇ ਸੁਪਨੇ ਦੀ ਪੂਰਤੀ ਲਈ ਅਗਵਾਈ ਮਿਲ ਸਕੇ। ਐਸ.ਐਸ.ਪੀ. ਨੇ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਨਾ ਸਿਰਫ਼ ਪੁਲਿਸ ਸੇਵਾ ਦੇ ਵੱਖ-ਵੱਖ ਪਹਿਲੂਆਂ 'ਤੇ ਚਾਨਣਾ ਪਾਇਆ, ਸਗੋਂ ਆਪਣੇ ਨਿੱਜੀ ਜੀਵਨ, ਵਿਦਿਆਰਥੀ ਦਿਨਾਂ ਅਤੇ ਆਈ.ਪੀ.ਐਸ ਬਣਨ ਦੀ ਯਾਤਰਾ ਵੀ ਸਾਂਝੀ ਕੀਤੀ। ਇਸ ਖੁੱਲ੍ਹੇ ਅਤੇ ਸੁਭਾਵਿਕ ਗੱਲਬਾਤ ਨੇ ਵਿਦਿਆਰਥੀਆਂ ਨੂੰ ਪੁਲਿਸ ਅਧਿਕਾਰੀ ਦੇ ਮਨੁੱਖੀ ਪੱਖ ਤੋਂ ਵੀ ਜਾਣੂ ਕਰਵਾਇਆ। ਇਸ ਤੋਂ ਬਾਅਦ ਵਿਦਿਆਰਥੀਆਂ ਨੂੰ ਪੁਲਿਸ ਵਿਭਾਗ ਦੇ ਕੰਟਰੋਲ ਰੂਮ, ਸਾਈਬਰ ਸੁਰੱਖਿਆ ਸੈੱਲ, ਮਹਿਲਾ ਸੈੱਲ, ਸਟੋਰੇਜ ਰੂਮ, ਸਾਂਝਾ ਕੇਂਦਰ, ਹਿਰਾਸਤ ਸੈੱਲ ਸਮੇਤ ਵੱਖ-ਵੱਖ ਕੇਂਦਰਾਂ ਦਾ ਦੌਰਾ ਕਰਵਾਇਆ ਗਿਆ। ਉਨ੍ਹਾਂ ਦੇਖਿਆ ਕਿ ਕਿਸ ਤਰ੍ਹਾਂ ਪੁਲਿਸ ਫੋਰਸ 24 ਘੰਟੇ ਸ਼ਹਿਰ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੀ ਏ।ਐਸ.ਐਸ.ਪੀ ਨੇ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ, ਨੈਤਿਕਤਾ ਅਤੇ ਸਮਾਜ ਸੇਵਾ ਨੂੰ ਆਪਣੇ ਜੀਵਨ ਦਾ ਮੂਲ ਮੰਤਰ ਬਣਾਉਣ ਲਈ ਪ੍ਰੇਰਿਤ ਕੀਤਾ ।

---

ਅੱਜ ਵਿਸ਼ਵ ਮਾਹਵਾਰੀ ਸਫਾਈ ਦਿਵਸ ਮਨਾਇਆ ਜਾ ਰਿਹਾ ਏ। ਇਸ ਦਿਨ, ਹਰ ਸਾਲ 28 ਮਈ ਨੂੰ ਮਨਾਇਆ ਜਾਂਦਾ ਏ, ਜਿਸਦਾ ਉਦੇਸ਼ ਲੋਕਾਂ ਖ਼ਾਸਕਰ ਔਰਤਾਂ ਨੂੰ ਮਾਹਵਾਰੀ ਦੇ ਸਮੇਂ ਦੌਰਾਨ ਸਫਾਈ ਪ੍ਰਤੀ ਜਾਗਰੂਕ ਕਰਨਾ ਏ।**ਪੇਸ਼ ਏ ਇਕ ਰਿਪੋਰਟ**-

***ਮਾਹਵਾਰੀ ਸਫਾਈ ਦਿਵਸ ਹਰ ਸਾਲ 28 ਮਈ ਨੂੰ ਮਨਾਇਆ ਜਾਂਦਾ ਏ । 'World Menstrual Hygiene Day' ਯਾਨੀ ਮਾਹਵਾਰੀ ਸਫਾਈ ਦਿਵਸ ਦੀ ਸ਼ੁਰੂਆਤ ਸਾਲ 2014 ਵਿੱਚ ਜਰਮਨ ਗੈਰ-ਸਰਕਾਰੀ ਸੰਗਠਨ WASH United ਵਲੋਂ ਕੀਤੀ ਗਈ ਸੀ। ਇਹ ਦਿਨ ਮਨਾਉਣ ਲਈ 28 ਮਈ ਦੀ ਤਾਰੀਖ ਇਸ ਲਈ ਚੁਣੀ ਗਈ ਕਿਉਂਕਿ ਔਰਤਾਂ ਨੂੰ ਆਮ ਤੌਰ 'ਤੇ ਹਰ 28 ਦਿਨਾਂ ਵਿੱਚ ਮਾਹਵਾਰੀ ਆਉਂਦੀ ਏ ਅਤੇ ਔਸਤਨ 5 ਦਿਨ ਰਹਿੰਦੀ ਏ । ਇਸ ਦਿਨ ਨੂੰ ਮਨਾਉਣ ਦਾ ਉਦੇਸ਼ ਸਮਾਜ ਵਿੱਚ ਮਾਹਵਾਰੀ ਪ੍ਰਤੀ ਜਾਗਰੂਕਤਾ ਪੈਦਾ ਕਰਨਾ, ਇਸ ਨਾਲ ਸਬੰਧਤ ਅੰਧਵਿਸ਼ਵਾਸ ਨੂੰ ਖਤਮ ਕਰਨਾ ਅਤੇ ਔਰਤਾਂ ਨੂੰ ਸੁਰੱਖਿਅਤ ਅਤੇ ਸਫਾਈ ਵਾਲੇ ਪੀਰੀਅਡਜ਼ ਬਾਰੇ ਦੱਸਣਾ ਏ । ਬਠਿੰਡਾ ਦੇ ਡਾਕਟਰ ਰੀਤੂ ਗੋਇਲ ਦਾ ਇਸ ਬਾਰੇ ਕਹਿਣਾ ਏ।BYTE ਸਿਹਤ ਵਿਭਾਗ ਵਲੋਂ ਵੀ ਵੱਖ-ਵੱਖ ਥਾਵਾਂ 'ਤੇ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਨੇ । ਇਸ ਸਾਲ ਦਾ ਥੀਮ "ਆਓ ਇਕੱਠੇ ਇੱਕ #PeriodFriendlyWorld ਬਣਾਈਏ" ਰੱਖਿਆ ਗਿਆ ਏ ।ਜਲੰਧਰ ਤੋਂ ਆਕਾਸ਼ਵਾਣੀ ਖਬਰਾਂ ਲਈ ਮੈਂ ਕਾਜਲ***

-------------------------------------------------------------------------------

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਾਈਸ ਚਾਂਸਲਰ ਪ੍ਰੋ. ਰੇਣੂ ਵਿਗ ਨੇ ਅੱਜ ਕਾਲਜ ਮਾਨਤਾ ਨੂੰ ਸੁਚਾਰੂ ਬਣਾਉਣ ਲਈ ਸਮਰਥ ਮੰਚ ਰਾਹੀਂ ਔਨਲਾਈਨ ਐਫੀਲੀਏਸ਼ਨ ਮੈਨੇਜਮੈਂਟ ਸਿਸਟਮ ਜਾਰੀ ਕੀਤਾ। ਨਵੀਂ ਜਾਰੀ ਕੀਤੀ ਗਈ ਪ੍ਰਣਾਲੀ ਸਮਰਥ ਪਲੇਟਫਾਰਮ ਨਾਲ ਜੁੜੀ ਹੋਈ ਏ , ਜੋ ਕਿ ਆਈ.ਸੀ.ਟੀ ਰਾਹੀਂ ਸਿੱਖਿਆ ਮੰਤਰਾਲੇ ਦੀ ਇੱਕ ਰਾਸ਼ਟਰੀ ਪਹਿਲਕਦਮੀ ਏ । ਨਵੀਂ ਪੀ.ਯੂ ਪਹਿਲਕਦਮੀ ਯੂਨੀਵਰਸਿਟੀ ਦੇ ਕਾਲਜਾਂ ਲਈ ਕਾਲਜਾਂ ਦੀ ਸ਼ੁਰੂਆਤੀ ਰਜਿਸਟ੍ਰੇਸ਼ਨ ਤੋਂ ਲੈ ਕੇ ਅੰਤਿਮ

ਪ੍ਰਵਾਨਗੀ ਅਤੇ ਸਾਲਾਨਾ ਪਾਲਣਾ ਪ੍ਰਕਿਰਿਆਵਾਂ ਤੱਕ, ਐਫੀਲੀਏਸ਼ਨ ਪ੍ਰਕਿਰਿਆ ਨੂੰ ਡਿਜੀਟਾਈਜ਼ ਅਤੇ ਸਰਲ ਬਣਾਉਣ ਲਈ ਤਿਆਰ ਕੀਤੀ ਗਈ ਏ। ਇਸ ਮੌਕੇ 'ਤੇ ਯੂਨੀਵਰਸਿਟੀ ਨਿਰਦੇਸ਼ਾਂ ਦੀ ਡੀਨ ਪ੍ਰੋ. ਯੋਗਨਾ ਰਾਵਤ, ਡੀਨ ਕਾਲਜ ਵਿਕਾਸ ਪ੍ਰੀਸ਼ਦ, ਪ੍ਰੋ. ਸੰਜੇ ਕੌਸ਼ਿਕ,ਸਮੇਤ ਹੋਰ ਅਧਿਕਾਰੀ ਵੀ ਮੌਜੂਦ ਰਹੇ।

---------------------------------------------------------------------------------

ਮਾਲੇਰਕੋਟਲਾ ਜ਼ਿਲ੍ਹਾ ਪ੍ਰਸ਼ਾਸਨ ਨੇ ਪੇਂਡੂ ਔਰਤਾਂ ਦੀ ਸਮਾਜਿਕ ਤੇ ਵਿੱਤੀ ਖੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ ਹਰ ਬਲਾਕ ਵਿਖੇ ਜਾ ਰਹੇ ਸਵੈ ਸਹਾਇਤਾ ਸਮੂਹਾਂ ਦੀ ਲੜੀ ਤਹਿਤ ਨਵੇਂ ‘ਪਹਿਲ’ ਪ੍ਰੋਜੈਕਟ ਤਹਿਤ ਹੁਣ ਪਿੰਡ ਗੁਵਾਰਾ ਦਾ ਸਵੈ ਸਹਾਇਤਾ ਗਰੁੱਪਾਂ ਦੀਆਂ ਔਰਤਾਂ ਦੁਆਰਾ ਮਿਡ-ਡੇ ਮੀਲ ਲਈ ਮਸਾਲਿਆਂ ਦੀ ਤਿਆਰੀ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ ਨੇ ਜ਼ਿਲ੍ਹੇ ਦੇ ਸਵੈ ਸਹਾਇਤਾ ਗਰੁੱਪਾਂ ਦੀਆਂ ਔਰਤਾਂ ਨੂੰ ਇਸ ਉਪਰਾਲੇ ਤੇ ਵਧਾਈ ਦਿੰਦਿਆ ਕਿਹਾ ਕਿ ਸਰਕਾਰ ਔਰਤਾਂ ਨੂੰ ਆਤਮ ਨਿਰਭਰ, ਸਸ਼ਕਤ ਤੇ ਮਜਬੂਤ ਬਣਾਉਣ ਵੱਲ ਨਿਰੰਤਰ ਯਤਨਸ਼ੀਲ ਏ। ਇਸ ਨਵੀਂ ਨਿਵੇਕਲੀ ਸ਼ੁਰੂਆਤ ਰਾਹੀਂ, ਸਵੈ ਸਹਾਇਤਾ ਗਰੁੱਪਾਂ ਦੀਆਂ ਔਰਤਾਂ ਨੂੰ ਮਸਾਲੇ ਤਿਆਰ ਕਰਨਗੀਆਂ, ਜਿਸ ਨਾਲ ਉਨ੍ਹਾਂ ਨੂੰ ਸਥਿਰ ਰੋਜ਼ਗਾਰ ਮਿਲੇਗਾ। ਇਹ

ਮਸਾਲੇ ਸਰਕਾਰੀ ਸਕੂਲਾਂ ਵਿਚ ਚਲ ਰਹੀ ਮਿਡ-ਡੇ ਮੀਲ ਸਕੀਮ ਲਈ ਵਰਤੇ ਜਾਣਗੇ।

---------------------------------------------------------------------------------

ਭਾਰਤ ਦੇ ਤੀਰ ਅੰਦਾਜ਼ ਪੈਰਾ ਓਲੰਪੀਅਨ ਹਰਵਿੰਦਰ ਸਿੰਘ ਨੂੰ ਬੀਤੇ ਦਿਨੀ ਰਾਸ਼ਟਰਪਤੀ ਦਰੋਪਦੀ ਮੁਰਮੂ ਵੱਲੋਂ 'ਪਦਮ ਸ਼੍ਰੀ' ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਹਰਿਆਣਾ ਦੇ ਪਿੰਡ ਅਜੀਤ ਨਗਰ ਦੇ ਰਹਿਣ ਵਾਲੇ ਹਰਵਿੰਦਰ ,ਸਾਲ 2016 ਤੋਂ ਤਮਗੇ ਜਿੱਤ ਕੇ ਭਾਰਤ ਦਾ ਮਾਣ ਵਧਾ ਰਹੇ ਨੇ। ਪਿਛਲੇ ਸਾਲ ਉਨ੍ਹਾਂ ਓਲੰਪਿਕ ਵਿੱਚ ਸੋਨੇ ਦਾ ਤਮਗਾ ਹਾਸਲ ਕੀਤਾ। ਪਦਮ ਸ਼੍ਰੀ ਨਾਲ ਨਵਾਜੇ ਜਾਣ 'ਤੇ ਆਕਾਸ਼ਵਾਣੀ ਖਬਰਾਂ ਜਲੰਧਰ ਨਾਲ ਆਪਣੀ ਖੁਸ਼ੀ ਸਾਂਝੀ ਕਰਦਿਆਂ ਉਹਨਾਂ ਕਿਹਾ।

**Byte:**

---------------------------------------------------------------------------------

IPL ਕ੍ਰਿਕੇਟ ਵਿੱਚ ਪੰਜਾਬ ਕਿੰਗਜ਼ ਅਤੇ ਰਾਇਲ ਚੈਲੇਂਜਰਜ਼ ਬੈਂਗਲੁਰੂ ਭਲਕੇ ਪਹਿਲੇ ਕੁਆਲੀਫਾਇਰ ਵਿੱਚ ਆਹਮੋ-ਸਾਹਮਣੇ ਹੋਣਗੇ ।

---------------------------------------------------------------------------------

ਹੁਣੇ ਮਿਲੀ ਜਾਣਕਾਰੀ ਅਨੁਸਾਰ ਦਿੱਗਜ ਸਿਆਸਤਦਾਨ ਸੁਖਦੇਵ ਸਿੰਘ ਢੀਂਡਸਾ ਅਕਾਲ ਚੱਲਣ ਕਰ ਗਏ ਨੇ ਓਹ 89 ਵਰਿਆਂ ਦੇ ਸਨ